T-੫

ਸੋਹੰ ਹਰਿ ਸੋਹੰ



ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

ਟਰੈਕਟ ਨੰਬਰ 4

# ਹਰਿ ਹਰਿ ਹਰੇ

ਸੰਪਾਦਕ : ਰਾਜ ਕੁਮਾਰ ਦੜੋਚ

ਪਹਿਲੀ ਵਾਰ-2000, ਜਨਵਰੀ, 1999

ਪ੍ਰਕਾਸ਼ਕ : ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸਭਾ
ਪਿੰਡ ਤੇ ਡਾਕਖਾਨਾ ਬਿਨਪਾਲਕੇ, ਜ਼ਿਲ੍ਹਾ ਜਲੰਧਰ-144 201

ਕੀਮਤ-ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ

# ਕੀ ਸ੍ਰੀ ਗੁਰੂ ਰਵਿਦਾਸ ਮਹਾਰਾਜ 'ਅਵਤਾਰ' ਸਨ ?

ਅਸੀਂ ਬ੍ਰਾਹਮਣਵਾਦ ਦੇ ਪਿੱਛੇ ਲੱਗ ਕੇ ਉਨ੍ਹਾਂ ਦੀ ਦੇਖਾ-ਦੇਖੀ ਆਪਣੇ ਗੁਰੂ ਸਾਹਿਬਾਂ ਨੂੰ ਅਵਤਾਰ ਸ਼ਬਦ ਨਾਲ ਸੰਬੋਧਨ ਕਰਦੇ ਆ ਰਹੇ ਹਾਂ। ਜਿਵੇਂ ਰਾਮ ਅਵਤਾਰ, ਕ੍ਰਿਸ਼ਨ ਅਵਤਾਰ ਤੋਂ ਅਵਤਾਰ ਗੁਰੂ ਰਵਿਦਾਸ ਜੀ ਜਾਂ ਅਵਤਾਰ ਪੁਰਬ ਗੁਰੂ ਨਾਨਕ ਦੇਵ ਜੀ। ਅਸੀਂ ਗੁਰੂ ਗਰੰਥ ਸਾਹਿਬ ਨੂੰ ਮੰਨਦੇ ਹਾਂ ਅਤੇ ਗੁਰਬਾਣੀ ਤੇ ਵਿਸ਼ਵਾਸ ਵੀ ਕਰਦੇ ਹਾਂ, ਪਰ ਕੀ ਗੁਰਬਾਣੀ ਅਨੁਸਾਰ ਗੁਰੂ ਸਾਹਿਬਾਂ ਨੂੰ ਅਵਤਾਰ ਸ਼ਬਦ ਨਾਲ ਸੰਬੋਧਨ ਕਰਨਾ ਠੀਕ ਹੈ ? ਇਹ ਜਾਨਣ ਤੋਂ ਪਹਿਲਾਂ ਅਸੀਂ ਅਵਤਾਰ ਸ਼ਬਦ ਦੇ ਭਾਵ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਾਂ।

ਅਵਤਾਰ ਸ਼ਬਦ ਦੀ ਸੰਸਕ੍ਰਿਤ ਭਾਸ਼ਾ ਤੋਂ ਉਪਜ ਹੋਈ ਹੈ। ਜਿਸ ਦਾ ਭਾਵ ਹੈ ਸਰੀਰ ਧਾਰਨਾ ਜਾਂ ਜਨਮ ਗ੍ਰਹਿਣ ਕਰਨਾ। ਗੁਰਬਾਣੀ ਵਿਚ ਇਸ ਨੂੰ 'ਅਵਤਰਿ' ਅਤੇ 'ਅਉਤਰੈ' ਕਰਕੇ ਵੀ ਲਿਖਿਆ ਗਿਆ ਹੈ। ਜਿਨ੍ਹਾਂ ਦਾ ਭਾਵ ਕੇਵਲ ਜਨਮ ਗ੍ਰਹਿਣ ਕਰਨਾ ਹੀ ਹੈ। ਗੁਰਬਾਣੀ ਵਿਚ ਇਹ ਸ਼ਬਦ ਕਿਸੇ ਮਹਾਂਪੁਰਸ਼, ਸੰਤ ਜਾਂ ਗੁਰੂ ਨੂੰ ਸੰਬੋਧਨ ਕਰਨ ਲਈ ਨਹੀਂ ਵਰਤਿਆ ਗਿਆ। ਜਿਵੇਂ :—

**'ਅਵਤਰਿ' ਆਇ ਕਹਾਂ ਤੁਮ ਕੀਨਾ ॥**
**ਰਾਮ ਕੋ ਨਾਮੁ ਨ ਕਬਹੂ ਲੀਨਾ ॥** (ਪੰਨਾ 792)

ਇਸ ਦਾ ਭਾਵ ਹੈ ਕਿ ਹੇ ਮਨੁੱਖ ਜੇਕਰ ਤੂੰ ਪ੍ਰਭੂ ਦਾ ਨਾਮ ਸਿਮਰਨ ਨਹੀਂ ਕੀਤਾ ਤਾਂ ਇਸ ਦੁਨੀਆਂ ਤੇ ਆ ਕੇ ਕੀ ਸਵਾਰਿਆ ਹੈ।

**ਕਬੀਰ ਹਰਿ ਕਾ ਸਿਮਰਨੁ ਛਾਡਿ ਕੈ ਰਾਤਿ ਜਗਾਵਨ ਜਾਇ ॥**
**ਸਰਪਨਿ ਹੋਇ ਕੈ ਅਉਤਰੈ ਜਾਏ ਅਪੁਨੇ ਖਾਇ ॥**
(ਗੁਰੂ ਗ੍ਰੰਥ ਸਾਹਿਬ, ਪੰਨਾ 1370)

ਭਾਵ ਜੋ ਇਸਤਰੀ ਹਰੀ ਦੇ ਸਿਮਰਨ ਨੂੰ ਛੱਡ ਕੇ ਰਾਤ ਨੂੰ ਟੂਣੇ ਆਦਿ ਕਰਨ ਜਾਂਦੀ ਹੈ ਅਗਲੇ ਜਨਮ ਵਿਚ ਉਹ ਸੱਪਣੀ ਦੀ ਜੂਨ ਵਿਚ ਪੈਂਦੀ ਹੈ ਤੇ ਆਪਣੇ ਹੀ ਬੱਚੇ ਖਾਂਦੀ ਹੈ।

ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਨੇ ਵੀ ਅਵਤਾਰ ਸ਼ਬਦ ਬਾਣੀ ਵਿਚ ਕਿਸੇ ਦੀ ਵਿਸ਼ੇਸ਼ਤਾ ਪ੍ਰਗਟਾਉਣ ਲਈ ਨਹੀਂ ਵਰਤਿਆ। ਰਾਗ ਆਸਾ ਵਿਚ ਗੁਰੂ ਸਾਹਿਬ ਫੁਰਮਾਨ ਕਰਦੇ ਹਨ ਕਿ ਐ ਮਨੁੱਖ ਤੈਨੂੰ ਇਹ ਗੱਲ ਸੋਚਣੀ ਚਾਹੀਦੀ ਹੈ ਕਿ ਇਹ ਮਨੁੱਖਾ ਜਨਮ ਬੜੀ ਮੁਸ਼ਕਲ ਮਿਲਿਆ ਹੈ, ਪਰ ਤੇਰੀ ਸੰਗਤ ਨੀਚ ਵਿਚਾਰਾਂ ਨਾਲ ਹੀ ਹੈ।

**ਮਨੁੱਖਾ 'ਅਵਤਾਰ' ਦੁਲਭ, ਤਿਹੀ ਸੰਗਤ ਪੋਚ ॥** (ਪੰਨਾ 486)

ਇਸੇ ਪ੍ਰਕਾਰ ਸਤਿਗੁਰੂ ਨਾਮ ਦੇਵ ਜੀ ਬਾਣੀ ਵਿਚ ਅਵਤਾਰ ਸ਼ਬਦ ਲਿਖਦੇ ਹੋਏ ਫੁਰਮਾਉਂਦੇ ਹਨ—

ਮਹਾ ਮਾਈ ਕੀ ਪੂਜਾ ਕਰੈ ॥
ਨਰ ਸੈ ਨਾਰਿ ਹੋਇ 'ਅਉਤਰੈ' ॥ (ਪੰਨਾ 874)

ਸਤਿਗੁਰੂ ਤ੍ਰਿਲੋਚਨ ਜੀ ਕਥਨ ਕਰਦੇ ਹਨ—

ਅੰਤ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਸਰਪ ਜੋਨਿ ਵਲਿ ਵਲਿ 'ਅਉਤਰੈ ॥' (ਪੰਨਾ 526)

ਸੋ ਉਪਰੋਕਤ ਗੁਰਬਾਣੀ ਦੇ ਹਵਾਲਿਆਂ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਅਵਤਾਰ ਸ਼ਬਦ ਕਿਸੇ ਸੰਤ ਜਾਂ ਗੁਰੂ ਵਾਸਤੇ ਨਹੀਂ ਵਰਤਿਆ ਗਿਆ ਅਤੇ ਨਾ ਹੀ ਇਹ ਕਿਸੇ ਮਹਾਂਪੁਰਸ਼ ਦੀ ਵਿਸ਼ੇਸ਼ਤਾ ਪ੍ਰਗਟਾਉਣ ਲਈ ਪ੍ਰਯੋਗ ਕੀਤਾ ਹੈ। ਸਗੋਂ ਇਹ ਤਾਂ ਪ੍ਰਭੂ ਪ੍ਰੇਮ ਤੋਂ ਸੱਖਣੇ, ਭੁੱਲੇ-ਭਟਕੇ ਮਨੁੱਖਾ ਨੂੰ ਸੰਬੋਧਨ ਕਰਨ ਲਈ ਹੈ।

ਫਿਰ ਕੀ ਇਹੀ ਸ਼ਬਦ ਸਾਨੂੰ ਗੁਰੂ ਰਵਿਦਾਸ ਜੀ ਅਤੇ ਗੁਰੂ ਨਾਨਕ ਦੇਵ ਜੀ ਵਰਗੇ ਰਹਿਬਰਾਂ ਨੂੰ ਸੰਬੋਧਨ ਕਰਨ ਲਈ ਵਰਤਣਾ ਚਾਹੀਦਾ ਹੈ ? ਕੀ ਸਾਡੀ ਭਾਸ਼ਾ ਵਿਚ ਸਿਰਫ ਇਹੀ ਸ਼ਬਦ ਹੈ, ਕੋਈ ਹੋਰ ਨਹੀਂ ? ਭਾਈ ਜੀ ! ਸਾਨੂੰ ਆਪਣੇ ਗੁਰੂ ਸਾਹਿਬਾਂ ਨੂੰ ਸੰਬੋਧਨ ਕਰਨ ਲੱਗਿਆਂ ਜਾਂ ਜਨਮ ਧਾਰਨ ਕਰਨ ਦਾ ਦਿਨ ਲਿਖਣ ਲਗਿਆਂ ਪ੍ਰਕਾਸ਼ ਪੁਰਬ ਜਾਂ ਆਗਮਨ ਪੁਰਬ ਆਦਿ ਸ਼ਬਦਾਂ ਦੀ ਵਰਤੋਂ ਕਰਨੀ ਚਾਹੀਦੀ ਹੈ।

ਲੋਕਾਈ ਨੂੰ ਅਕਸਰ ਇਹ ਕਹਿੰਦਿਆਂ ਸੁਣਿਆ ਹੈ ਕਿ ਰੱਬ ਆਪ ਇਸ ਦੁਨੀਆਂ ਤੇ ਅਵਤਾਰ ਧਾਰਦਾ ਹੈ ਜਾਂ ਜਦੋਂ ਸੰਸਾਰ ਤੇ ਪਾਪ ਬਹੁਤ ਵਧ ਜਾਂਦਾ ਹੈ ਤਾਂ ਪ੍ਰਮਾਤਮਾ ਨੂੰ ਅਵਤਾਰ ਧਾਰ ਕੇ ਇਸ ਸੰਸਾਰ ਤੇ ਆਉਣਾ ਪੈਂਦਾ ਹੈ।

ਅਜਿਹੀਆਂ ਸਾਰੀਆਂ ਵਿਚਾਰਾਂ ਗਲਤ ਹਨ ਅਤੇ ਗਿਆਨ ਵਿਹੂਣੀ ਸ਼ਰਧਾ ਦੀਆਂ ਪ੍ਰਤੀਕ ਹਨ। ਪ੍ਰਮਾਤਮਾ ਨੂੰ ਅਜਿਹਾ ਆਖਣਾ ਉਸ ਨੂੰ ਗਾਲ੍ਹ ਕੱਢਣ ਦੇ ਤੁਲ ਹੈ। ਕਿਉਂਕਿ ਪ੍ਰਮਾਤਮਾ ਪਹਿਲਾਂ ਹੀ ਇਸ ਦੁਨੀਆ ਦੇ ਕਣ-ਕਣ ਵਿਚ ਵਸ ਰਿਹਾ ਹੈ, ਕਿਸੇ ਵੱਖਰੀ ਥਾਂ ਦਰਬਾਰ ਲਗਾ ਕੇ ਨਹੀਂ ਬੈਠਾ। ਪ੍ਰਮਾਤਮਾ ਆਪ ਹੀ ਇਸ ਦੁਨੀਆਂ ਨੂੰ ਪੈਦਾ ਕਰਦਾ ਹੈ ਅਤੇ ਖਤਮ ਕਰਦਾ ਹੈ। ਫਿਰ ਭਲਾ ਉਹ ਆਪ ਜਨਮ-ਮਰਨ ਦੇ ਗੇੜ ਵਿਚ ਕਿਉਂ ਆਵੇਗਾ। ਗੁਰੂ ਨਾਨਕ ਦੇਵ ਜੀ ਮੂਲ ਮੰਤਰ ਵਿਚ ਪ੍ਰਮਾਤਮਾ ਦੇ ਸਰੂਪ ਦੀ ਮਹਿਮਾ ਕਰਦੇ ਹੋਏ ਫੁਰਮਾਉਂਦੇ ਹਨ ਕਿ ਪ੍ਰਮਾਤਮਾ ਅਜੂਨੀ ਹੈ ਭਾਵ ਜੰਮਣ-ਮਰਨ ਤੋਂ ਰਹਿਤ ਹੈ, ਅਤੇ ਅਜਿਹਾ ਕੇਵਲ ਪ੍ਰਮਾਤਮਾ ਹੀ ਹੈ ਕੋਈ ਹੋਰ ਦੇਵੀ ਦੇਵਤਾ ਜਾਂ ਪੀਰ ਪੈਗੰਬਰ ਨਹੀਂ। ਉਸੇ ਪ੍ਰਮਾਤਮਾ ਨੂੰ ਹੀ ਅਸੀਂ ਅੱਲਾ, ਰਾਮ, ਵਾਹਿਗੁਰੂ ਅਤੇ ਹੋਰ ਅਨੇਕਾਂ ਨਾਵਾਂ ਨਾਲ ਯਾਦ ਕਰਦੇ ਹਾਂ।

ਪੰਜਵੇਂ ਪਾਤਸ਼ਾਹ ਬਾਣੀ ਅੰਦਰ ਲਿਖਦੇ-ਹੋਏ ਫੁਰਮਾਨ ਕਰਦੇ ਹਨ ਕਿ ਉਹ ਮੂੰਹ ਜਲ ਜਾਵੇ ਜਿਹੜਾ ਕਹੇ ਕਿ ਪ੍ਰਮਾਤਮਾ ਜੂਨਾਂ ਵਿਚ ਆਉਂਦਾਂ ਹੈ ਭਾਵ ਅਵਤਾਰ ਧਾਰਦਾ ਹੈ।

ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ ॥ (ਪੰਨਾ 1136)

ਸੋ ਸਾਨੂੰ ਇਹ ਗੱਲ ਭੁੱਲ ਜਾਣੀ ਚਾਹੀਦੀ ਹੈ ਕਿ ਪ੍ਰਮਾਤਮਾ ਅਵਤਾਰ ਧਾਰਦਾ ਹੈ। ਉਹ ਤਾਂ ਸਾਡੇ ਸਾਰਿਆਂ ਦੇ ਹਿਰਦੇ ਅੰਦਰ ਵਸ ਰਿਹਾ ਹੈ ਅਤੇ ਸਾਰੀ ਸ੍ਰਿਸ਼ਟੀ ਦੇ ਕਣ-ਕਣ ਵਿਚ ਵਸ ਰਿਹਾ ਹੈ। o

# ਅਸੀਂ ਅਤੇ ਸਾਡੀ ਕੌਮ

ਜੇਕਰ ਕਿਸੇ ਕੌਮ ਦਾ ਉਦੇਸ਼ ਸਰਬ ਸਾਂਝਾ, ਵਿਗਿਆਨਿਕ ਅਤੇ ਉਸ ਕੌਮ ਵਿਚ ਦ੍ਰਿੜ੍ਹਤਾ ਤੇ ਲਗਨ ਹੋਵੇ ਉਹ ਕੌਮ ਕਦੀ ਕਮਜ਼ੋਰ ਨਹੀਂ ਹੋ ਸਕਦੀ। ਸਾਡੀ ਕੌਮ 14ਵੀਂ 15ਵੀਂ ਸਦੀ ਵਿਚ ਵੀ ਕਮਜ਼ੋਰ ਸੀ ਅਤੇ ਅੱਜ 20ਵੀਂ ਸਦੀ ਦੇ ਅਖੀਰ ਤਕ ਵੀ ਕਮਜ਼ੋਰ ਹੈ। ਇਸ ਦੇ ਕਈ ਕਾਰਨ ਹਨ। ਜਿਵੇਂ ਆਪਣੀ ਹਿੰਮਤ ਹਾਰਨਾ, ਸਾਰੀ ਕੌਮ ਦੀ ਅਲੱਗ-ਅਲੱਗ ਵਿਚਾਰਧਾਰਾ, ਆਪਣੇ ਪੈਰੋਕਾਰਾਂ ਪ੍ਰਤੀ ਸ਼ਰਧਾ ਦੀ ਘਾਟ ਅਤੇ ਉਨ੍ਹਾਂ ਦੇ ਉਦੇਸ਼ ਦਾ ਠੀਕ ਪਤਾ ਨਾ ਹੋਣਾ।

ਕਿਹਾ ਜਾਂਦਾ ਹੈ ਕਿ ਅਸੀਂ ਦਲਿਤ ਲੋਕ ਹਿੰਦੁਸਤਾਨ ਦੇ ਮੂਲ ਨਿਵਾਸੀ ਹਾਂ, ਪਰ ਅਫਸੋਸ ਕਿ ਹਿੰਦੁਸਤਾਨ ਦੇ ਤਖਤ ਦਾ ਮਾਲਕ ਕੋਈ ਹੋਰ ਹੈ। ਹਿੰਦੁਸਤਾਨ ਦੀਆਂ ਜ਼ਮੀਨਾਂ ਦਾ ਮਾਲਕ ਕੋਈ ਹੋਰ ਹੈ। ਇਸ ਦਾ ਕਾਰਨ ਇਹ ਹੈ ਕਿ ਸਾਡੀ ਦਲਿਤ ਕੌਮ ਸਮੇਂ ਦੇ ਬਦਲਣ ਅਨੁਸਾਰ ਆਪਣੇ ਕਰਮ-ਧਰਮ ਰੀਤੀ ਰਿਵਾਜਾਂ ਵੀ ਬਦਲਦੀ ਚਲੀ ਆ ਰਹੀ ਹੈ। ਜੇਕਰ ਸਾਡੇ ਤੇ ਆਰੀਆਂ ਦਾ ਪ੍ਰਭਾਵ ਪਿਆ ਤਾਂ ਅਸੀਂ ਆਰੀਆ ਬਣ ਗਏ। ਜੇਕਰ ਹਿੰਦੂਆਂ ਦਾ ਪਿਆ ਤਾਂ ਹਿੰਦੂ ਬਣ ਗਏ ਅਤੇ ਜੇਕਰ ਮੁਗਲਾਂ ਦਾ ਪ੍ਰਭਾਵ ਪਿਆ ਤਾਂ ਅਸੀਂ ਮੁਸਲਮਾਨ ਬਣ ਗਏ। ਗੱਲ ਕੀ ਸਮੇਂ ਦੇ ਨਾਲ ਅਸੀਂ ਆਪਣੀ ਹੋਂਦ ਨੂੰ ਕਾਇਮ ਨਾ ਰੱਖਦਿਆਂ ਹੋਇਆਂ ਆਪਣਾ ਸਭ ਕੁਝ ਬਦਲ ਦਿੱਤਾ। ਅਸੀਂ ਕਦੇ ਵੀ ਸਿਰ ਉੱਚਾ ਕਰਕੇ ਇਹ ਨਹੀਂ ਕਿਹਾ ਕਿ ਅਸੀਂ ਰਵਿਦਾਸੀਏ ਹਾਂ ਜਾਂ ਬਾਲਮੀਕੀਏ ਹਾਂ ਜਾਂ ਛੀਂਬੇ ਆਦਿ ਹਾਂ। ਸਗੋਂ ਆਪਣੀ ਜਾਤ ਨੂੰ ਲੁਕਾਉਣ ਦਾ ਯਤਨ ਹੀ ਕੀਤਾ ਹੈ। ਜੇਕਰ ਗੁਰੂ ਰਵਿਦਾਸ ਮਿਸ਼ਨ ਦੀ ਗੱਲ ਕਰੀਏ ਤਾਂ ਰਵਿਦਾਸੀਏ ਅਖਵਾਉਣ ਵਾਲੇ ਜਾਂ ਗੁਰੂ ਰਵਿਦਾਸ ਜੀ ਨੂੰ ਮੰਨਣ ਵਾਲੇ ਘੱਟ ਹਨ। ਜੇਕਰ ਮੰਨਦੇ ਹਨ ਤਾਂ ਸਿਰਫ ਇਕ ਦਿਨ ਦੇ ਵਾਸਤੇ ਜਦੋਂ ਗੁਰੂ ਜੀ ਦਾ ਗੁਰਪੁਰਬ ਆਉਂਦਾ ਹੈ। ਉਸ ਦਿਨ ਤੋਂ ਬਾਅਦ ਗੁਰੂ ਜੀ ਦੇ ਨਾਮ, ਗੁਰੂ ਜੀ ਦੇ ਗੁਰਦੁਆਰੇ ਜਾਂ ਭਵਨ ਦਾ ਮੂੰਹ ਤਕ ਨਹੀਂ ਦੇਖਦੇ।

ਇਸ ਤੋਂ ਭਾਵ ਇਹ ਹੈ ਕਿ ਸਾਡੀ ਕੌਮ ਵਿਚ ਗੁਰੂ ਰਵਿਦਾਸ ਜੀ ਪ੍ਰਤੀ ਸ਼ਰਧਾ ਬਹੁਤ ਘੱਟ ਹੈ। ਜਿਸ ਗੁਰੂ ਨੇ ਸਾਨੂੰ ਆਪਣੇ ਹੀ ਦੇਸ਼ ਦੀ ਗੁਲਾਮੀ ਤੋਂ ਆਜ਼ਾਦ ਕਰਵਾਇਆ ਹੈ ਅੱਜ ਉਸ ਇਨਕਲਾਬੀ ਨੂਰ ਨੂੰ ਭੁਲਾਈ ਜਾ ਰਹੇ ਹਾਂ। ਇਸ ਕਰਕੇ ਕੀ ਸਾਡੀ ਕੌਮ ਅਹਿਸਾਨ ਫਰਾਮੋਸ਼ ਨਹੀਂ ? ਅੱਜ ਸਾਨੂੰ ਇਸ ਗੱਲ ਦਾ ਡਰ ਹੈ ਕਿ

ਆਉਣ ਵਾਲੇ ਸਮੇਂ ਵਿਚ ਕੋਈ ਵੀ ਵਿਅਕਤੀ ਸਾਡੀ ਕੌਮ ਵਾਸਤੇ ਕੁਰਬਾਨੀ ਨਹੀਂ ਦੇਵੇਗਾ ਕਿਉਂਕਿ ਇਹ ਅਹਿਸਾਨ ਫਰਾਮੋਸ਼ਾਂ ਦੀ ਕੌਮ ਜੁ ਹੋਈ। ਸਾਡੀ ਕੌਮ ਕੋਲ ਆਪਣੀ ਹੋਂਦ ਨੂੰ ਪ੍ਰਗਟ ਕਰਨ ਲਈ ਨਾ ਤਾਂ ਕੋਈ ਨਿਸ਼ਾਨ ਹੈ ਨਾ ਰੰਗ, ਨਾ ਕੋਈ ਜੈਕਾਰਾ ਹੈ ਅਤੇ ਨਾ ਹੀ ਅਸੀਂ ਕਿਸੇ ਠੋਸ ਇਤਿਹਾਸ ਦੀ ਖੋਜ ਕੀਤੀ ਹੈ। ਨਾ ਹੀ ਸਾਡੀ ਕੌਮ ਦਾ ਕੋਈ ਸਾਂਝਾ ਰਾਸ਼ਟਰੀ ਧਾਰਮਿਕ ਪਲੇਟਫਾਰਮ ਹੈ। ਅੱਜ ਪਿੰਡ-ਪਿੰਡ ਵਿਚ ਤਾਂ ਗੁਰੂ ਰਵਿਦਾਸ ਜੀ ਦੇ ਗੁਰਦੁਆਰਾ ਸਾਹਿਬ ਹਨ ਪਰ ਉਨ੍ਹਾਂ ਦਾ ਪ੍ਰਬੰਧ ਠੀਕ ਨਹੀਂ ਹੈ। ਕਿਸੇ ਨੇ ਤਾਂ ਲਾਲ ਕੱਪੜੇ ਦਾ ਨਿਸ਼ਾਨ ਸਾਹਿਬ ਚੜ੍ਹਾਇਆ ਹੋਇਆ ਹੈ। ਕਿਸੇ ਨੇ ਕੇਸਰੀ ਅਤੇ ਕਿਸੇ ਨੇ ਭਗਵੇ ਰੰਗ ਦਾ। ਕਿਸੇ ਨੇ ਨਿਸ਼ਾਨ ਸਾਹਿਬ ਉੱਪਰ ਸੋਹੰ, ਕਿਸੇ ਨੇ ਹਰਿ ਕਿਸੇ ਨੇ ਸੂਰਜ ਦਾ ਚੱਕਰ ਲਗਾਇਆ ਹੋਇਆ ਹੈ। ਇਸੇ ਪ੍ਰਕਾਰ ਕੋਈ ਜੈਕਾਰਾ ਲਗਾਉਣ ਲਈ 'ਬੋਲੇ ਸੋ ਨਿਰਭੈ' ਆਖਦਾ ਹੈ ਕੋਈ ਸੋ ਨਿਰਵੈਰ। ਕੋਈ ਮੰਦਰ ਆਖਦਾ ਹੈ ਕੋਈ ਗੁਰਦੁਆਰਾ। ਇਥੋਂ ਤਕ ਕਿ ਕਈਆਂ ਅਸਥਾਨਾਂ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨ ਦੇ ਨਾਲ-ਨਾਲ ਮੂਰਤੀ ਪੂਜਾ ਵੀ ਹੁੰਦੀ ਹੈ।

ਸਾਨੂੰ ਚਾਹੀਦਾ ਹੈ ਕਿ ਅਸੀਂ ਇਕ ਰਾਸ਼ਟਰੀ ਪੱਧਰ ਤੇ ਆਪਣਾ ਧਾਰਮਿਕ ਪਲੇਟਫਾਰਮ ਬਣਾਈਏ। ਜਿਸ ਤੋਂ ਕੌਮ ਦੇ ਨਾਮ ਸੰਦੇਸ਼ ਅਤੇ ਗੁਰੂ ਰਵਿਦਾਸ ਜੀ ਦੇ ਮਿਸ਼ਨ ਦੀਆਂ ਗਤੀਵਿਧੀਆਂ ਲਾਗੂ ਕੀਤੀਆਂ ਜਾਣ। ਜਿਸ ਦੇ ਪ੍ਰਬੰਧ ਵਾਸਤੇ ਸੰਸਾਰ ਪੱਧਰ ਤੇ ਗੁਰੂ ਰਵਿਦਾਸ ਸੰਸਥਾਵਾਂ ਦੀ ਇਕ ਬਹੁਤ ਵੱਡੀ ਕਮੇਟੀ ਬਣਾਈ ਜਾਏ ਅਤੇ ਉਹ ਜੋ ਹੁਕਮ ਵੀ ਲਾਗੂ ਕਰੇ ਉਸ ਨੂੰ ਸਿਰ ਮੱਥੇ ਪ੍ਰਵਾਨ ਕਰੇ। ਇਹੀ ਕਮੇਟੀ ਗੁਰੂ ਰਵਿਦਾਸ ਜੀ ਦੇ ਮਿਸ਼ਨ ਤੇ ਛਪਿਆ ਹੋਇਆ ਲਿਟਰੇਚਰ ਘਰ-ਘਰ ਮੁਫਤ ਪਹੁੰਚਾਵੇ। ਇਸੇ ਕਮੇਟੀ ਦਾ ਇਕ ਬਹੁਤ ਘੱਟ ਕੀਮਤ ਵਾਲਾ ਮਾਸਿਕ ਪੱਤਰ ਜਿਸ ਨੂੰ ਕਿ ਹਰ ਅਮੀਰ ਗਰੀਬ ਖਰੀਦ ਸਕਦਾ ਹੋਵੇ, ਚਾਲੂ ਕੀਤਾ ਜਾਵੇ। ਇਹੀ ਕਮੇਟੀ ਗੁਰੂ ਸਾਹਿਬ ਦੇ ਮਿਸ਼ਨ ਨੂੰ ਪ੍ਰਚਾਰਨ ਲਈ ਮਿਸ਼ਨਰੀ ਕਾਲਜ ਬਣਾਏ। ਜਿਸ ਵਿਚ ਚੰਗੇ-ਚੰਗੇ ਪ੍ਰਚਾਰਕ ਤਿਆਰ ਕਰਕੇ ਪਿੰਡ-ਪਿੰਡ, ਸ਼ਹਿਰ-ਸ਼ਹਿਰ ਜਾ ਕੇ ਗੁਰੂ ਸਾਹਿਬ ਦੇ ਮਿਸ਼ਨ ਦਾ ਪ੍ਰਚਾਰ ਕਰੇ। ਪਿੰਡਾਂ ਸ਼ਹਿਰਾਂ ਵਿਚ ਬਣਾਏ ਗੁਰਦੁਆਰਾ ਪ੍ਰਚਾਰ ਲਈ ਅਹਿਮ ਭੂਮਿਕਾ ਨਹੀਂ ਨਿਭਾ ਰਹੇ ਕਿਉਂਕਿ ਸਾਡੇ ਕੋਲ ਚੰਗੇ ਪੜ੍ਹੇ ਲਿਖੇ ਜਾਂ ਪ੍ਰਚਾਰਕ ਨਹੀਂ ਹਨ। ਇਨ੍ਹਾਂ ਗੁਰਦੁਆਰਿਆਂ ਵਿਚ ਬੱਚੇ ਜਾਂ ਅਨਪੜ੍ਹ ਪਾਠੀ ਹੀ ਕੰਮ ਚਲਾ ਰਹੇ ਹਨ।

ਸਾਡੀ ਕੌਮ ਦੇ ਲੇਖਕਾਂ ਨੇ ਗੀਤਾਂ ਕਵਿਤਾਵਾਂ ਅਤੇ ਕਹਾਣੀਆਂ ਦੀਆਂ ਤਾਂ ਬੇਸ਼ੁਮਾਰ ਕਿਤਾਬਾਂ ਲਿਖ ਦਿੱਤੀਆਂ ਹਨ, ਪਰ ਆਪਣੇ ਗੁਰੂ ਜੀ ਦੇ ਇਤਿਹਾਸ ਨੂੰ ਘੋਖਣ ਦਾ ਯਤਨ ਬਹੁਤ ਹੀ ਘੱਟ ਕੀਤਾ ਹੈ। ਦੂਸਰੀ ਕੌਮ ਦੇ ਲੇਖਕਾਂ ਨੇ ਕੁਝ ਕਿਤਾਬਾਂ ਗੁਰੂ ਸਾਹਿਬ ਜੀ ਦੇ ਜੀਵਨ ਤੇ ਲਿਖੀਆਂ ਹਨ, ਪਰ ਉਨ੍ਹਾਂ 'ਚੋਂ ਕਈ

ਖੋਖਲੀ ਅਤੇ ਇਕ ਪਾਸੜ ਵਿਚਾਰਧਾਰਾ ਦੀਆਂ ਹਨ। ਕਿਉਂਕਿ ਉਨ੍ਹਾਂ ਨੇ ਗੁਰੂ ਸਾਹਿਬ ਦੀ ਅਦੁੱਤੀ ਸ਼ਖਸੀਅਤ ਨੂੰ ਨਾ ਪਛਾਣ ਕੇ ਪੁਰਾਤਨ ਅਰਥਹੀਨ ਰਚਨਾਵਾਂ ਦੇ ਹਵਾਲਿਆਂ ਤੋਂ ਲਿਖੀਆਂ ਹਨ। ਕੋਈ ਲੇਖਕ ਕਹਿੰਦਾ ਹੈ ਕਿ ਗੁਰੂ ਜੀ ਸਵਾਮੀ ਰਾਮਾਨੰਦ ਜੀ ਦੇ ਸ਼ਿਸ਼ ਸਨ। ਕੋਈ ਕਹਿੰਦਾ ਹੈ ਕਿ ਉਹ ਵੈਸ਼ਨਵ ਸਨ ਜਾਂ ਫਿਰ ਉਹ ਮੂਰਤੀ ਪੂਜਾ ਕਰਦੇ ਸਨ ਅਤੇ ਉਨ੍ਹਾਂ ਨੂੰ ਭੋਗ ਲਗਾਉਂਦੇ ਸਨ। ਬਹੁਤ ਸਾਰੇ ਅਜਿਹੀਆਂ ਦਲੀਲ-ਰਹਿਤ ਰਚਨਾਵਾਂ ਦੇ ਸ਼ਿਕਾਰ ਹਨ।

ਸਾਨੂੰ ਚਾਹੀਦਾ ਹੈ ਕਿ ਸਾਰੀ ਕੌਮ ਰਲ ਕੇ ਉੱਪਰ ਜ਼ਿਕਰ ਕੀਤੇ ਪਲੇਟਫਾਰਮ ਦੇ ਨਾਮ ਤਹਿਤ ਸਹੀ ਅਤੇ ਵਿਗਿਆਨਕ ਵਿਚਾਰਧਾਰਾ ਵਾਲੇ ਵਿਦਵਾਨਾਂ ਪਾਸੋਂ ਇਕ ਬਹੁਤ ਵੱਡੀ ਸੰਵਿਧਾਨਿਕ ਕਿਤਾਬ ਛਪਾਈ ਜਾਵੇ। ਜਿਸ ਵਿਚ ਗੁਰੂ ਸਾਹਿਬ ਦੇ ਜੀਵਨ ਨਾਲ ਸੰਬੰਧਿਤ ਅਰਥਹੀਨ ਸਾਖੀਆਂ ਅਤੇ ਘਟਨਾਵਾਂ ਦਾ ਖੰਡਨ ਕੀਤਾ ਜਾਵੇ ਅਤੇ ਗੁਰੂ ਸਾਹਿਬ ਦੀ ਬਾਣੀ ਦੀ ਸਹੀ ਵਿਆਖਿਆ ਛਾਪੀ ਜਾਵੇ। ਗੁਰੂ ਸਾਹਿਬ ਦੀ ਜਨਮ ਮਿਤੀ, ਮਾਤਾ ਪਿਤਾ ਦੇ ਨਾਮ ਠੀਕ ਦਰਸਾਏ ਜਾਣ। ਜਨਮ ਤੋਂ ਲੈ ਕੇ ਜੋਤੀ ਜੋਤ ਸਮਾਉਣ ਤਕ ਸੰਪੂਰਨ ਅਤੇ ਸ਼ੁੱਧ ਇਤਿਹਾਸ ਲਿਖਿਆ ਜਾਵੇ। ਫਿਰ ਇਹ ਸੰਵਿਧਾਨਕ ਕਿਤਾਬ ਹਰ ਇਕ ਲਾਇਬਰੇਰੀ, ਗੁਰੂ ਸਾਹਿਬ ਦੇ ਧਾਰਮਿਕ ਅਸਥਾਨ, ਗੁਰੂ ਸਾਹਿਬ ਦੀਆਂ ਪ੍ਰਚਾਰ ਸੰਸਥਾਵਾਂ ਨੂੰ ਭੇਜੀ ਜਾਵੇ। ਅਤੇ ਇਸ ਕਿਤਾਬ ਤੋਂ ਹੀ ਪ੍ਰਚਾਰਕ ਗੁਰੂ ਜੀ ਦੇ ਮਿਸ਼ਨ ਦਾ ਪ੍ਰਚਾਰ ਕਰਨ ਤਾਂ ਕਿ ਗੁਰੂ ਰਵਿਦਾਸ ਪ੍ਰੇਮੀਆਂ ਨੂੰ ਗੁਰੂ ਸਾਹਿਬਾਂ ਦੀ ਸਹੀ ਵਿਚਾਰਧਾਰਾ ਅਤੇ ਇਤਿਹਾਸ ਪੜ੍ਹਨ ਨੂੰ ਮਿਲ ਸਕੇ। ਜੇਕਰ ਕੋਈ ਲੇਖਕ ਇਸ ਕਿਤਾਬ ਤੋਂ ਉਲਟ ਕੋਈ ਰਚਨਾ ਲਿਖੇ ਤਾਂ ਉਸ ਵਿਰੁੱਧ ਐਕਸ਼ਨ ਲਿਆ ਜਾਵੇ।

ਸੋ ਇਹ ਕੰਮ ਕਿਸੇ ਇਕ ਆਦਮੀ ਜਾਂ ਇਕ ਸੰਸਥਾ ਦਾ ਨਹੀਂ ਹੈ। ਇਹ ਕੰਮ ਸਮੁੱਚੀ ਕੌਮ ਦਾ ਹੈ। ਸੋ ਸਮੁੱਚੀ ਕੌਮ ਨੂੰ ਅੱਗੇ ਆ ਕੇ ਇਹ ਕੰਮ ਅਰੰਭ ਕਰਨਾ ਚਾਹੀਦਾ ਹੈ। ਜੇਕਰ ਅਜਿਹਾ ਨਾ ਕੀਤਾ ਤਾਂ ਹੌਲੀ-ਹੌਲੀ ਸਾਡਾ ਵਿਰਸਾ ਅਲੋਪ ਹੋ ਜਾਵੇਗਾ। ○

## "ਇਤਿਹਾਸਿਕ ਅਸਥਾਨ ਖੁਰਾਲਗੜ੍ਹ ਸਾਹਿਬ"

ਗੁਰੂ ਰਵਿਦਾਸ ਜੀ ਨੇ ਪੈਦਲ ਚੱਲ ਕੇ ਅਨੇਕ ਯਾਤਰਾਵਾਂ ਕੀਤੀਆਂ। ਗੁਰਬਾਣੀ ਦੁਆਰਾ ਭੁੱਲੀ ਭਟਕੀ ਜਨਤਾ ਨੂੰ ਸਿੱਧੇ ਰਸਤੇ ਪਾਇਆ। ਆਪ ਨੇ ਇਨਸਾਨੀਅਤ ਦੇ ਵੈਰੀ ਸਵਰਨ ਜਾਤੀਆਂ ਦੇ ਲੋਕਾਂ ਨਾਲ ਸੰਘਰਸ਼ ਕੀਤਾ ਅਤੇ ਨੀਵੀਂ ਜਾਤ ਸਮਝੇ ਜਾਂਦੇ ਲੋਕਾਂ ਨੂੰ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਸੰਘਰਸ਼ ਕਰਨ ਦੀ ਪ੍ਰੇਰਨਾ ਦਿੱਤੀ।

ਪੰਜਾਬ ਦੀ ਧਰਤੀ ਬੜੀ ਭਾਗਾਂ ਵਾਲੀ ਹੈ ਜਿਸ ਨੂੰ ਗੁਰੂ ਸਾਹਿਬ ਦੇ ਚਰਨਾਂ

ਦੀ ਛੋਹ ਪ੍ਰਾਪਤ ਹੈ। ਇਸ ਪਵਿੱਤਰ ਧਰਤੀ ਦਾ ਨਾਮ ਖੁਰਾਲਗੜ੍ਹ ਖੁਰਾਲੀ ਹੈ। ਇਹ ਪਵਿੱਤਰ ਅਸਥਾਨ ਗੜ੍ਹਸ਼ੰਕਰ ਤੋਂ 35 ਕਿਲੋਮੀਟਰ ਦੂਰ ਸ਼ਿਵਾਲਿਕ ਦੀਆਂ ਪਹਾੜੀਆਂ ਵਿਚ ਸਥਿਤ ਹੈ। ਗੁਰੂ ਸਾਹਿਬ ਭੁੱਲੀ-ਭਟਕੀ ਲੋਕਾਈ ਨੂੰ ਪ੍ਰਭੂ ਨਾਲ ਜੋੜਦਿਆਂ ਵਹਿਮਾਂ-ਭਰਮਾਂ ਦਾ ਖੰਡਨ ਕਰਦਿਆਂ 1515 ਈ. ਇਸ ਅਸਥਾਨ ਤੇ ਆਏ। ਇਸ ਅਸਥਾਨ ਨੂੰ ਕੇਂਦਰ ਬਣਾ ਕੇ ਸਤਿਗੁਰ ਜੀ ਨੇ ਤਕਰੀਬਨ 2 ਸਾਲ ਆਸਪਾਸ ਦੀਆਂ ਸੰਗਤਾਂ ਨੂੰ ਉਪਦੇਸ਼ ਦਿੱਤਾ। ਬਹੁਤ ਸਾਰੇ ਲੋਕ ਇਥੇ ਪਹੁੰਚ ਕੇ ਗੁਰੂ ਸਾਹਿਬ ਦੇ ਸੇਵਕ ਬਨਣ ਲੱਗੇ।

ਇਥੋਂ ਦਾ ਰਾਜਾ ਬੈਨ ਸਿੰਘ ਸਾਧੂਆਂ ਨੂੰ ਬੜਾ ਤੰਗ ਕਰਦਾ ਸੀ। ਸਾਧੂਆਂ ਪਾਸੋਂ ਖਰਾਸ ਤੇ ਆਟਾ ਪੀਹਾਉਂਦਾ ਸੀ। ਉਸ ਨੇ ਸਤਿਗੁਰ ਜੀ ਨਾਲ ਵੀ ਇਹੋ ਜਿਹਾ ਵਰਤਾਵ ਕਰਨ ਦੀ ਕੋਸ਼ਿਸ਼ ਕੀਤੀ। ਪਰ ਜਦੋਂ ਉਸ ਦੀ ਇਕ ਵੀ ਨਾ ਚੱਲੀ ਤਾਂ ਉਹ ਸਤਿਗੁਰ ਜੀ ਦੇ ਚਰਨਾਂ ਤੇ ਡਿਗ ਪਿਆ ਅਤੇ ਸੇਵਕ ਬਣ ਗਿਆ। ਇਸ ਅਸਥਾਨ ਤੇ ਹੁਣ 6 ਮੰਜ਼ਿਲਾ ਗੁਰਦੁਆਰਾ ਸਾਹਿਬ ਸੁਭਾਇਮਾਨ ਹੈ ਜੋ ਕਿ ਸੰਗਤਾਂ ਦੇ ਦੇਖਣਯੋਗ ਹੈ।

ਇਸ ਇਲਾਕੇ ਦੇ ਲੋਕਾਂ ਨੂੰ ਪਾਣੀ ਦੀ ਬਹੁਤ ਮੁਸ਼ਕਿਲ ਸੀ। ਲੋਕਾਂ ਨੇ ਬੇਨਤੀ ਕੀਤੀ ਕਿ ਮਹਾਰਾਜ ਸਾਡੀ ਪਾਣੀ ਦੀ ਸਮੱਸਿਆ ਹੱਲ ਕੀਤੀ ਜਾਵੇ ਤਾਂ ਸਤਿਗੁਰ ਜੀ ਨੇ ਮੌਜੂਦਾ ਪਿੰਡ ਤੋਂ ਕੋਈ ਦੋ ਕਿਲੋਮੀਟਰ ਦੂਰ ਸਥਿਤ ਇਕ ਖੱਡ ਵਿਚੋਂ ਆਪਣੇ ਪੈਰਾਂ ਨਾਲ ਕੁਝ ਪੱਥਰ ਚੁੱਕੇ ਤਾਂ ਉਸ ਹੇਠੋਂ ਪਾਣੀ ਵਗਣ ਲੱਗ ਪਿਆ। ਸਾਰੀਆਂ ਸੰਗਤਾਂ ਜੈ ਗੁਰੂ ਰਵਿਦਾਸ, ਜੈ ਗੁਰੂ ਰਵਿਦਾਸ ਦੇ ਨਾਅਰੇ ਲਗਾਉਣ ਲੱਗ ਪਈਆਂ। ਸੰਗਤਾਂ ਨੇ ਇਸ ਅਸਥਾਨ ਨੂੰ ਚਰਨ ਗੰਗਾ ਦਾ ਨਾਮ ਦਿੱਤਾ। ਸੰਗਤਾਂ ਤੇ ਪਿੰਡ ਵਾਸੀ ਇਸ ਅਸਥਾਨ ਤੇ ਆ ਕੇ ਦਰਸ਼ਨ ਕਰਦੀਆਂ ਤੇ ਪਵਿੱਤਰ ਜਲ ਛਕ ਕੇ ਆਪਣੀ ਪਿਆਸ ਬੁਝਾਉਣ ਲੱਗੀਆਂ।

ਇਹ ਪਵਿੱਤਰ ਚਰਨ ਗੰਗਾ ਹੁਣ ਤਕ ਵੀ ਚੱਲ ਰਹੀ ਹੈ ਜਿਥੇ ਸੰਗਤਾਂ ਦੂਰੋਂ ਨੇੜਿਉਂ ਆ ਕੇ ਇਸ਼ਨਾਨ ਕਰਦੀਆਂ ਹਨ। ਇਸ ਚਰਨ ਗੰਗਾ ਦਾ ਦ੍ਰਿਸ਼ ਬਹੁਤ ਹੀ ਮਨਮੋਹਣਾ ਹੈ। ਚਰਨ ਗੰਗਾ ਦੀ ਜ਼ਮੀਨ ਤੇ ਚਿੱਟੇ ਦੁੱਧ ਰੰਗੇ ਛੋਟੇ-ਛੋਟੇ ਪੱਥਰ ਹਨ। ਇਸ ਦੀਆਂ ਦੋ ਸਾਈਡਾਂ ਤੇ ਕੰਧਾਂ ਵਰਗੇ ਉੱਚੇ-ਉੱਚੇ ਪਹਾੜ ਹਨ। ਉੱਪਰ ਪਹਾੜੀ ਤੋਂ ਜਿਹੜਾ ਰਸਤਾ ਚਰਨ ਗੰਗਾ ਨੂੰ ਆਉਂਦਾ ਹੈ ਉਹ ਟੇਢਾ ਮੇਢਾ ਬੜਾ ਮਨੋਰੰਜਕ ਜਾਪਦਾ ਹੈ। ਚਰਨ ਗੰਗਾ ਨੂੰ ਪੈਦਲ ਜਾਣ ਲਈ ਖੱਡ ਦੇ ਵਿਚੋਂ ਦੀ ਵੀ ਇਕ ਰਸਤਾ ਹੈ ਜਿਸ ਦੇ ਆਲੇ ਦੁਆਲੇ ਹਰਿਆਵਲੀ ਬਨਾਸਪਤੀ ਹੈ। ਵਿਸਾਖੀ ਵਾਲੇ ਦਿਨ ਚਰਨ ਗੰਗਾ ਦੇ ਸਾਰੇ ਪਾਸੇ ਹੀ ਸੰਗਤਾਂ ਤੁਰਦੀਆਂ ਫਿਰਦੀਆਂ ਨਜ਼ਰ ਆਉਂਦੀਆਂ ਹਨ। ਉੱਚੀ ਪਹਾੜੀ ਤੋਂ ਦੇਖਣ ਨਾਲ ਇਹ ਦ੍ਰਿਸ਼ ਬੜਾ ਮਨਮੋਹਣਾ ਲਗਦਾ ਹੈ। ਨਿਰਸੰਦੇਹ ਇਹ ਪਵਿੱਤਰ ਇਤਿਹਾਸਕ ਅਸਥਾਨ ਬਹੁਤ ਪ੍ਰਭਾਵਸ਼ਾਲੀ, ਮਨਮੋਹਣਾ ਅਤੇ ਦਰਸ਼ਨ ਕਰਨਯੋਗ ਹੈ।

# ਯਾਦ ਰੱਖਣ ਯੋਗ ਗੱਲਾਂ

1. ਗੁਰੂ ਰਵਿਦਾਸ ਜੀ ਨੂੰ ਅਵਤਾਰ ਸ਼ਬਦ ਨਾਲ ਸੰਬੋਧਨ ਕਰਨਾ ਠੀਕ ਨਹੀਂ।

2. ਗੁਰੂ ਸਾਹਿਬ ਨੇ ਮੂਰਤੀ ਪੂਜਾ ਦਾ ਖੰਡਨ ਕੀਤਾ ਹੈ।

3. ਗੁਰੂ ਸਾਹਿਬ ਨੇ ਮਨੁੱਖਤਾ ਨੂੰ ਪ੍ਰਭੂ ਨਾਲ ਜੋੜਨ ਤੇ ਵਹਿਮਾਂ-ਭਰਮਾਂ ਤੋਂ ਮੁਕਤ ਕਰਨ ਲਈ ਨਾਗਪੁਰ, ਭੋਪਾਲ, ਜੋਧਪੁਰ, ਬੰਬਈ, ਹੈਦਰਾਬਾਦ, ਦੱਰਾ-ਖੈਬਰ, ਸ੍ਰੀ ਨਗਰ, ਡਲਹੌਜ਼ੀ ਅਤੇ ਹੋਰ ਬਹੁਤ ਸਾਰੇ ਸ਼ਹਿਰਾਂ ਦੀ ਪੈਦਲ ਯਾਤਰਾ ਕੀਤੀ।

ਪਿਆਰੀ ਸਾਧ ਸੰਗਤ ਜੀ,

ਇਸ ਸੰਸਥਾ ਨੇ ਗੁਰੂ ਸਾਹਿਬ ਦੇ ਮਿਸ਼ਨ ਨੂੰ ਪ੍ਰਚਾਰਨ ਵਾਸਤੇ ਟ੍ਰੈਕਟ ਛਾਪ ਕੇ ਘਰ-ਘਰ ਮੁਫਤ ਪਹੁੰਚਾਉਣ ਦਾ ਕੰਮ ਅਰੰਭਿਆ ਸੀ। ਇਸ ਸਭਾ ਦੇ ਮੈਂਬਰ ਮਜ਼ਦੂਰ ਜਾਂ ਬੇਰੁਜ਼ਗਾਰ ਹਨ। ਇਸ ਸੰਸਥਾ ਦਾ ਕੋਈ ਹੋਰ ਆਰਥਿਕ ਸਰੋਤ ਵੀ ਨਹੀਂ ਹੈ ਜਦਕਿ ਗੁਰੂ ਪ੍ਰੇਮੀਆਂ ਦੇ ਪੱਤਰ ਆਉਂਦੇ ਹਨ ਕਿ ਅਜਿਹੇ ਟ੍ਰੈਕਟ ਹਰੇਕ ਮਹੀਨੇ ਛਾਪੇ ਜਾਣ, ਜਾਂ ਇਹ ਹਿੰਦੀ ਵਿਚ ਵੀ ਛਾਪੇ ਜਾਣ। ਸਾਲ 1997-98 ਵਿਚ ਅਸੀਂ ਚਾਰ-ਚਾਰ ਹਜ਼ਾਰ ਟ੍ਰੈਕਟ ਛਾਪ ਕੇ ਮੁਫਤ ਵੰਡਣ ਦੀ ਕੋਸ਼ਿਸ਼ ਕੀਤੀ। ਪਰ ਹੁਣ 1999 ਵਿਚ ਆਰਥਿਕ ਮਜਬੂਰੀ ਕਾਰਨ ਸਾਨੂੰ ਘੱਟ ਸਫੇ ਦਾ ਤੇ 2000 ਟ੍ਰੈਕਟ ਹੀ ਛਾਪਣਾ ਪੈ ਰਿਹਾ ਹੈ। ਸੋ ਕੌਮ ਦੇ ਦਰਦੀਆਂ ਨੂੰ ਅਪੀਲ ਹੈ ਕਿ ਆਪਣੇ ਦਸਾਂ ਨਹੁੰਆਂ ਦੀ ਕਿਰਤ ਵਿਚੋਂ ਕੁਝ ਭੇਟਾ ਇਸ ਸੰਸਥਾ ਨੂੰ ਫਰੀ ਲਿਟਰੇਚਰ ਵਾਸਤੇ ਭੇਜੋ ਤਾਂ ਕਿ ਗੁਰੂ ਸਾਹਿਬ ਦੇ ਮਿਸ਼ਨ ਦਾ ਵੱਧ ਤੋਂ ਵੱਧ ਪ੍ਰਚਾਰ ਕੀਤਾ ਜਾ ਸਕੇ।

ਨੋਟ—ਆਪਣੇ ਅਮੁੱਲਕ ਵਿਚਾਰ ਜਾਂ ਕੌਮ ਦੀ ਕੋਈ ਧਾਰਮਿਕ ਸਮੱਸਿਆ ਪੱਤਰ ਰਾਹੀਂ ਲਿਖਣ ਦੀ ਖੇਚਲ ਕਰੋ ਜੀ।

2. ਇਸ ਟ੍ਰੈਕ਼ਟ ਦੀਆਂ ਕੁਝ ਕਾਪੀਆਂ 28 ਫਰਵਰੀ 1999 ਤਕ 25 ਪੈਸੇ ਦੇ ਪੋਸਟ ਕਾਰਡ ਤੇ ਆਪਣਾ ਪੂਰਾ ਪਤਾ ਲਿਖ ਕੇ ਭੇਜਣ 'ਤੇ ਮੁਫਤ ਮੰਗਵਾਉ। ਡਾਕ ਖਰਚ ਇਸ ਸੰਸਥਾ ਦਾ ਆਪਣਾ ਹੋਏਗਾ।

ਭੇਟਾ ਭੇਜਣ, ਸੁਝਾਅ ਭੇਜਣ ਜਾਂ ਟ੍ਰੈਕਟ ਮੰਗਵਾਉਣ ਲਈ ਪਤਾ :

**ਰਾਜ ਕੁਮਾਰ ਦੜੋਚ**

ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸਭਾ,

ਪਿੰਡ+ਡਾ. ਬਿਨਪਾਲਕੇ, ਜ਼ਿਲ੍ਹਾ ਜਲੰਧਰ-144201